ੴ ਵਾਹਿਗੁਰੂ ਜੀ ਕੀ ਫਤਹਿ॥

# ਦੁਰਗਾ

(ਗਿਆਨੀ ਦਿੱਤ ਸਿੰਘ ਜੀ ਦੀ ਲਿਖਤ 'ਦੁਰਗਾ ਪ੍ਰਬੋਧ' ਤੇ ਅਧਾਰਤ)

ਸ੍ਰੀ ਮੁਖ ਵਾਕ ਪਾਤਸ਼ਾਹੀ 10॥ ਅਨਹਦ ਰੂਪ ਅਨਾਹਦ ਬਾਨੀ॥ ਚਰਨ ਸਰਨ ਜਿਹ ਬਸਤ ਭਵਾਨੀ॥
ਬ੍ਰਹਮਾ ਬਿਸਨ ਅੰਤ ਨਹਿ ਪਾਯੋ॥ ਨੇਤ ਨੇਤ ਮੁਖ ਚਾਰ ਬਤਾਯੋ॥

ਪੁਨ:॥ ਜਿਹ ਕੋਟ ਇੰਦ੍ਰ ਨ੍ਰਿਪਾਰ॥ ਕਈ ਬ੍ਰਹਮ ਬਿਸਨ ਬਿਚਾਰ॥ ਕਈ ਰਾਮ ਕਿਸਨ ਰਸੂਲ॥ ਬਿਨ ਭਗਤ ਕੋ ਨ ਕਬੂਲ॥

ਪੁਨ:॥ ਕਈ ਸਿੰਧ ਬਿੰਧ ਨਰਿੰਦ੍ਰ॥ ਕਈ ਕਛ ਮਛ ਫਨਿੰਦ੍ਰ॥ ਕਈ ਦੇਵਿ ਆਦਿ ਕੁਆਰ॥ ਕਈ ਕ੍ਰਿਸਨ ਬਿਸਨ ਅਉਤਾਰ॥

ਪੁਨ:॥ ਸ੍ਰੀ ਮੁਖ ਵਾਕ ਛਪੈ ਛੰਦ॥ ਬੇਦ ਭੇਦ ਨਹੀ ਲਖੈ ਬ੍ਰਹਮ ਬ੍ਰਹਮਾ ਨਹੀ ਬੁਝੈ॥ ਬਿਆਸ ਪਰਾਸੁਰ ਸੁਕ ਸਨਾਦਿ ਸਿਵ ਅੰਤ ਨ ਸੁਝੈ॥ ਸਨਤ ਕੁਆਰ ਸਨਕਾਦਿ ਸਰਬ ਜਉ ਸਮਾ ਨ ਪਾਵਹਿ॥ ਲਖ ਲਖਮੀ ਲਖ ਬਿਸਨ ਕਿਸਨ ਕਈ ਨੇਤਿ ਬਤਾਵੈ॥ ਅਸੁੰਭ ਰੂਪ ਅਨਭੈ ਪ੍ਰਭਾ ਅਤਿ ਬਲਿਸਟ ਜਲ ਥਲਿ ਕਰਣ॥ ਅਚੁਤ ਅਨੰਤ ਅਦ੍ਵੈ ਅਮਿਤ ਨਾਥ ਨਿਰੰਜਣ ਤਵ ਸਰਣ॥

ਇੰਨ੍ਹਾਂ ਸ੍ਰੀ ਮੁਖ ਵਾਕਾਂ ਤੋਂ ਅੱਛੀ ਤਰ੍ਹਾਂ ਨਾਲ ਇਹ ਹੀ ਸਿੱਧ ਹੁੰਦਾ ਹੈ ਕਿ ਦਸਮੇਂ ਪਾਤਸ਼ਾਹ ਜੀ ਦਾ ਨਿਸ਼ਚਾ ਅਕਾਲਪੁਰਖ ਤੋਂ ਬਿਨਾਂ ਕਿਸੇ ਦੇਵੀ ਦੇਵਤੇ ਅਤੇ ਅਵਤਾਰ ਆਦਿਕ ਉਪਰ ਨਹੀਂ ਸੀ। ਬਹੁਤ ਸਾਰੇ ਪੁਰਸ਼ ਇਸ ਪਰ ਏਹ ਯੁਕਤੀ ਦੇਂਦੇ ਹਨ ਕਿ ਤੁਰਕਾਂ ਨਾਲ ਜੰਗ ਕਰਨ ਵਾਸਤੇ ਗੁਰੂ ਜੀ ਨੇ ਦੇਵੀ ਨੂੰ ਅਰਾਧਿਆ ਸੀ ਅਤੇ ਉਸ ਤੋਂ ਬਲ ਲਿਆ ਸੀ, ਪ੍ਰੰਤੂ ਉਨ੍ਹਾਂ ਲੋਕਾਂ ਦਾ ਇਹ ਕਥਨ ਭੀ ਕਪੋਲ ਕਲਪਨਾ ਹੈ, ਕਿਉਂਕਿ ਜਦ ਅਸੀਂ ਗੁਰੂ ਜੀ ਦੀ ਉਹ ਬਾਣੀ ਜੋ ਕਿਸੇ ਪੁਸਤਕ ਦਾ ਤਰਜੁਮਾ ਨਹੀਂ ਹੈ, ਕਿੰਤੂ ਕੇਵਲ ਸ੍ਰੀ ਮੁੱਖ ਵਾਕ ਹੈ, ਪੜ੍ਹਦੇ ਹਾਂ ਤਾਂ ਉਸ ਵਿਚ ਕਦੇ ਭੀ ਕਿਸੇ ਕ੍ਰਿਤਮ ਪਦਾਰਥ ਦਾ ਅਰਾਧਨਾ ਯਾ ਉਸਤੋਂ ਵਰ ਮੰਗਨ ਦਾ ਕਥਨ ਨਹੀਂ ਪਾਉਂਦੇ ਜਿਸ ਪਰ ਅਕਾਲ ਪੁਰਖ ਨੂੰ ਹੀ ਸਰਬ ਪ੍ਰਕਾਰ ਸਮਰੱਥ ਜਾਨ ਕੇ ਉਸ ਤੋਂ ਹੀ ਵਰ ਮੰਗਿਆ ਹੈ। ਯਥਾ:-

ਸ੍ਰੀ ਮੁਖ ਵਾਕ ਚੌਪਈ॥ ਸਭ ਕੋ ਕਾਲ ਸਭਨ ਕੋ ਕਰਤਾ॥ ਰੋਗ ਸੋਗ ਦੋਖਨ ਕੋ ਹਰਤਾ॥
ਏਕ ਚਿੱਤ ਜਿਨ ਇਕ ਛਿਨ ਧਿਆਯੋ॥ ਕਾਲ ਫਾਸ ਕੇ ਬੀਚ ਨ ਆਇਯੋ॥

ਪੁਨ:॥ ਤਵ ਪ੍ਰਸਾਦਿ ਭੁਙੰਗ ਪ੍ਰਯਾਤ ਛੰਦ॥ ਨਮੋ ਨਾਥ ਪੂਰੇ ਸਦਾ ਸਿੱਧ ਕਰਮੰ॥ ਅਛੇਦੀ ਅਭੇਦੀ ਸਦਾ ਏਕ ਕਰਮੰ॥
ਕਲੰਕੰ ਬਿਨਾ ਨਿਹ ਕਲੰਕੀ ਸਰੂਪੇ॥ ਅਛੇਦੰ ਅਭੇਦੰ ਅਖੇਦੀ ਅਨੂਪੇ॥

ਪੁਨ:॥ ਤਵ ਪ੍ਰਸਾਦਿ ਕਬਿੱਤ॥ ਜੁੱਧ ਕੇ ਜਿਤਈਆ ਰੰਗ ਭੂੰ ਕੇ ਭਵਈਆ ਭਾਰਭੂਮ ਕੇ ਮਿਟਈਆ ਨਾਥ ਤੀਨ ਲੋਕ ਗਾਈਐ॥ ਕਾਹੂ ਕੇ ਤਨਈਆ ਹੈ ਨ ਮਈਆ ਜਾਕੋ ਭਈਆ ਕੋਊ ਛਉਨੀ ਹੂ ਕੋ ਛਈਆ ਛੋਡ ਕਾ ਸਿਉ ਪ੍ਰੀਤਿ ਲਾਈਐ॥ ਸਾਧਨਾ ਸਧਈਆ ਧੂਲਧਾਨੀ ਕੇ ਧਜਈਆ ਧੋਮਧਾਰ ਕੇ ਧਰਈਆ ਧਿਆਨ ਤਾਕੋ ਸਦਾ ਲਾਈਐ॥ ਆਤੁ ਕੇ ਬਢਈਆ ਏਕ ਨਾਮ ਕੇ ਜਪਈਆ ਅਉਰ ਕਾਮ ਕੇ ਕਰਈਆ ਛੋਡ ਅਉਰ ਕਉਨ ਧਿਆਈਐ॥ 4॥

ਕਾਮ ਕੋ ਕੁਨਿੰਦਾ ਖੈਰ ਖੂਬੀ ਕੋ ਦਿਹੰਦਾ ਗਜ ਗਾਜੀ ਕੋ ਗਜਿੰਦਾ ਸੋ ਕੁਨਿੰਦਾ ਕੈ ਬਤਾਈਐ॥ ਚਾਪ ਕੇ ਚਲਿੰਦਾ ਘਾਉ ਘਾਮ ਤੇ ਬਚਿੰਦਾ ਛਤ੍ਰ ਛੋਨੀ ਕੇ ਛਲਿੰਦਾ ਸੋ ਦਿਹੰਦਾ ਕੈ ਮਨਾਈਐ॥ ਜਰ ਕੇ ਦਿਹੰਦਾ ਜਾਨ ਮਾਨ ਕੋ ਜਨਿੰਦਾ ਜੋਤ ਜੇਬ ਕੋ ਗਜਿੰਦਾ ਜਾਨ ਮਾਨ ਜਾਨ ਗਾਈਐ। ਦੋਖ ਕੇ ਦਲਿੰਦਾ ਦੀਨ ਦਾਨਸ ਦਿਹੰਦਾ ਦੋਖ ਦੁਰਜਨ ਦਲਿੰਦਾ ਧਿਆਇ ਦੂਜੋ ਕਉਨ ਧਿਆਈਐ॥ 5॥ ਸਾਲਿਸ ਸਿਹਿੰਦਾ ਸਿੱਧਤਾਈ ਕੋ ਸਧਿੰਦਾ ਅੰਗ ਅੰਗ ਮੇਂ ਅਵਿੰਦਾ ਏਕੁ ਏਕੋ ਨਾਥ ਜਾਨੀਐ। ਕਾਲਖ ਕਟਿੰਦਾ ਖੁਰਾਸਾਨ ਕੋ ਖੁਨਿੰਦਾ ਗ੍ਰਬ ਗਾਫਲ ਗਲਿੰਦਾ ਗੋਲ ਗੰਜਖ ਬਖਾਨੀਐ॥ ਗਾਲਬ ਗਿਰੰਦਾ ਜੀਤ ਤੇਜਕੇ ਦਿਹੰਦਾ ਚਿਤ੍ਰ ਚਾਪ ਕੇ ਚਲਿੰਦਾ ਛੋਡ ਅਉਰ ਕਉਨ ਆਨੀਐ॥ ਸੱਤਤਾ ਦਿਹੰਦਾ ਸਤਤਾਈ ਕੋ ਸੁਖਿੰਦਾ ਕਰਮ ਕਾਮ ਕੋ ਕੁਨਿੰਦਾ ਛੋਡ ਦੂਜਾ ਕੌਨ ਮਾਨੀਐ॥ 6॥

ਇੰਨ੍ਹਾਂ ਸ੍ਰੀ ਮੁੱਖ ਵਾਕਾਂ ਤੋਂ ਪ੍ਰਗਟ ਹੁੰਦਾ ਹੈ ਕਿ ਗੁਰੂ ਜੀ ਮਹਾਰਾਜ ਸਭ ਤੇ ਸਮਰੱਥਾਵਾਨ ਅਕਾਲਪੁਰਖ ਨੂੰ ਹੀ ਜਾਣਦੇ ਸਨ ਅਤੇ ਉਸੇ ਦਾ ਹੀ ਅਰਾਧਨ ਕਰਦੇ ਸਨ, ਜੈਸਾ ਕਿ ਸਭ ਸ੍ਰਿਸ਼ਟੀ ਦਾ ਕਰਤਾ ਹਰਤਾ ਅਤੇ ਸਾਰੇ ਰੋਗ ਸੋਗਾਂ ਦੇ ਦੂਰ ਕਰਨੇਹਾਰਾ ਪ੍ਰਮਾਤਮਾਂ ਨੂੰ ਹੀ ਮੰਨ ਕੇ ਕਥਨ ਕੀਤਾ ਹੈ ਕਿ ਜਿਸ ਪੁਰਖ ਨੇ ਉਸ ਨੂੰ ਇਕ ਛਿਨ ਭੀ ਅਰਾਧਨ ਕੀਤਾ ਹੈ ਸੋ

ਕਾਲ ਦੀ ਫਾਹੀ ਵਿਚ ਨਹੀਂ ਆਉਂਦਾ, ਅਰ ਉਸ ਦੇ ਲੱਖਣ ਸੰਪੂਰਨ ਸਿੱਧੀਆਂ ਦਾ ਕਰਤਾ ਅਛੇਦ ਅਤੇ ਅਭੇਦ ਅਦਿਕ ਕਥਨ ਕੀਤੇ ਹਨ।

ਇਸੇ ਤਰ੍ਹਾਂ ਰਣ ਭੂਮੀ ਵਿਚ ਜੁੱਧ ਦੇ ਕਰਨੇ ਸਮੇਂ ਫਤ੍ਹੇ ਦੇਣ ਵਾਲਾ, ਪ੍ਰਿਥਵੀ ਦੇ ਭਾਰ ਮੇਟਨੇ ਹਾਰਾ, ਤ੍ਰਿਲੋਕੀ ਦਾ ਨਾਥ ਉਸ ਅਕਾਲਪੁਰਖ ਨੂੰ ਹੀ ਕਥਨ ਕੀਤਾ ਹੈ, ਫਿਰ ਸੰਪੂਰਨ ਧਨ ਸੰਪਦਾ ਦੇਣ ਵਾਲਾ, ਦੁਸ਼ਮਨਾਂ ਨੂੰ ਮਾਰਨ ਵਾਲਾ, ਰਣ ਵਿਚ ਘਾਉ ਤੇ ਰਖਯਾ ਕਰਨੇ ਵਾਲਾ ਆਦਿਕ ਸਮਰੱਥਵਾਨ ਦੱਸ ਕੇ ਓੜਕ ਨੂੰ ਇਹ ਕਥਨ ਕੀਤਾ ਹੈ ਕਿ ਉਸ ਨੂੰ ਛੱਡ ਕੇ ਹੋਰ ਕਿਸ ਦਾ ਅਰਾਧਨ ਕਰੀਏ?

ਇਸ ਵਾਸਤੇ ਸ੍ਰੀ ਮੁੱਖ ਵਾਕਾਂ ਤੋਂ ਇਹ ਸਿੱਧ ਨਹੀਂ ਹੁੰਦਾ ਜੋ ਗੁਰੂ ਜੀ ਅਕਾਲਪੁਰਖ ਤੋਂ ਭਿੰਨ ਅਪਣੀ ਰਖਯਾ ਕਰਨ ਵਾਲਾ ਕਿਸੇ ਹੋਰ ਨੂੰ ਭੀ ਮੰਨਦੇ ਸਨ, ਕਿੰਤੂ ਉਹ ਸੱਚੇ ਧਰਮ ਧੁਜਾ ਕਲਗੀਧਰ ਜੀ ਮਹਾਰਾਜ ਜੋ ਕੇਵਲ ਜਗਤ ਉਤੇ ਅਕਾਲਪੁਰਖ ਦੇ ਜਪਾਉਣ ਦਾ ਇਕਰਾਰ ਕਰਕੇ ਆਏ ਸਨ, ਫਿਰ ਆਪ ਕਿਸ ਤਰ੍ਹਾਂ ਕਿਸੇ ਹੋਰ ਨੂੰ ਅਰਾਧਦੇ ਸਨ।

ਜੇ ਇਸ ਬਾਤ ਨੂੰ ਦੁਰਜਨ ਤੋਖ ਨਯਾਏ ਨਾਲ ਮੰਨਿਆਂ ਭੀ ਜਾਏ ਕਿ ਗੁਰੂ ਜੀ ਨੇ ਦੇਵੀ ਅਰਾਧੀ ਸੀ ਅਰ ਉਸ ਨੇ ਪ੍ਰਗਟ ਹੋ ਕੇ ਵਰ ਦਿੱਤਾ ਸੀ ਤਦ ਜ਼ਰੂਰੀ ਸੀ ਜੋ ਗੁਰੂ ਜੀ ਆਪਣੇ ਮੁਖਾਰਬਿੰਦ ਤੇ ਇਸ ਤਰ੍ਹਾਂ ਦੀ ਬਾਣੀ ਉਚਾਰਨ ਕਰਦੇ ਜਿਸ ਤੋਂ ਇਹ ਸਾਬਤ ਹੁੰਦਾ ਕਿ ਦੇਵੀ ਹੀ ਸਾਰੇ ਸੁੱਖਾਂ ਦੀ ਦਾਤੀ ਹੈ।ਯਥਾ:-

ਦੇਵੀ ਪ੍ਰਸ਼ਾਦਿ ਕਬਿੱਤ॥ਸਿੰਘ ਪੈ ਚੜਿੰਦੀ ਹੱਥ ਖੜਗ ਉਠਿੰਦੀ ਮੱਥੇ ਸੋਹਿੰਦੀ ਹੈ ਬਿੰਦੀ ਜਾਕੇ ਤਾਕੇ ਗੁਨ ਗਾਈਐ।ਓਢਨੀ ਸੋਹੰਦੀ ਸਿਰ ਮੁਕਟ ਰਖੰਦੀ ਗਲ ਸੱਪਾਂ ਨੂੰ ਪਵੰਦੀ ਹੱਥ ਖੋਪਰੀ ਸੁਹਾਈਐ।ਅੱਗੇ ਲੰਕੜਾ ਚਲੰਦੀ ਪਿੱਛੇ ਭੈਰੋਂ ਨੂੰ ਰਖੰਦੀ ਖਿੜ ਖਿੜ ਕੇ ਹਸੰਦੀ ਹੋਮ ਕੁੰਡੋਂ ਪ੍ਰਗਟਾਈਐ।ਛੈਣੇ ਭੇਟਾਂ ਨੂੰ ਸੁਨੰਦੀ ਔ ਕੜਾਹੀ ਕੋ ਖਵੰਦੀ ਭੂਤ ਪ੍ਰੇਤ ਸੌ ਨਚੰਦੀ ਦੇਵੀ ਜਾਲਫਾਂ ਮਨਾਈਐ।142।

ਚੰਡ ਪ੍ਰਚੰਡ ਬਲ ਵੰਡ ਮਾਰਤੰਡ ਸਮ ਜਾਓਂ ਬਲਿਹਾਰੇ ਤੇਰੇ ਚਮਕੀਲੇ ਤਾਜ ਕੇ।ਲੈਕੇ ਤਲਵਾਰ ਜਬ ਕੀਨੇ ਤੈ ਨੇ ਵਾਰ ਮਾਰੇ ਰਾਕਸ ਹਜ਼ਾਰ ਜੋਇ ਆਏ ਦਲ ਸਾਜ ਕੇ।ਧਰਾ ਪੈ ਲਿਟਾਏ ਫੇਰ ਉਠਨੇ ਨ ਪਾਏ ਰਿਦੇ ਕੰਪ ਉਪਜਾਏ ਆਗੇ ਕੇਹਰੀ ਕੀ ਭਾਜ ਕੇ।ਤੇਗ ਕੀ ਸਫਾਈ ਕੀ ਬਡਾਈ ਨ ਬਿਤਾਈ ਜਾਏ ਐਸੀ ਤੈਂ ਚਲਾਈ ਜਿਉਂ ਕਰੰਡੀ ਕਰ ਰਾਜ ਕੇ।143।

ਦੱਤਾ ਨੰਦ ਪੰਡਤ ਉਜੈਨ ਵਾਲੇ ਕੰਮ ਕੀਤਾ ਕੇਸੋ ਦਾਸ ਕਾਸੀ ਦੇ ਨੇ ਕਲਾ 'ਚ ਦਿਖਾਈ ਹੈ।ਕਾਲੀਦਾਸ ਗੁਜਰਾਤੀ ਕਾਲੀ ਬਖਯਾਤ ਕਰੀ ਹਵਨ ਦੀ ਰੀਤੀ ਭਲੀ ਭਾਂਤ ਸੇ ਸਜਾਈ ਹੈ।ਦੇਵੀ ਦਿੱਤੇ ਪੰਡਤ ਦੇ ਆਖੇ ਦੇਵੀ ਪੂਜ ਕੀਤੀ ਚੇਤ ਦੇ ਨਰਾਤਿਆਂ ਨੂੰ ਪ੍ਰਗਟ ਕਰਾਈ ਹੈ।ਦੇਖੋ ਭਾਈ ਖਾਲਸਾ ਜੀ ਸਿੰਘ ਪੈ ਸਵਾਰ ਹੋਕੇ ਅਸ਼ਟਭੁਜੀ ਦੇਵੀ ਸਾਡੇ ਸਾਮਨੇ ਸੁਹਾਈ ਹੈ।144।

ਜਾਲਫਾਂ ਭਵਾਨੀ ਚੌਦਾਂ ਲੋਕ ਹੂੰ ਕੀ ਰਾਨੀ ਜੰਗ ਜੁੱਧ ਕੋ ਜਿਤਾਨੀ ਸਾਰੇ ਲੋਕ ਤੈਨੂੰ ਧਯਾਉਂਦੇ।ਤੁਰਕਾਂ ਨੂੰ ਖਪਾਂਦੀ ਇੰਨਾਂ ਬ੍ਰਾਹਮਣਾਂ ਨੇ ਆਂਦੀ ਨਹੀਂ ਕਦੋਂ ਪ੍ਰਗਟਾਂਦੀ ਜੇ ਇਹ ਜੱਗ ਨਾਂ ਰਚਾਉਂਦੇ।ਖਾਲਸਾ ਸਜਾਉ ਧਰ ਮਨੇ ਵਿਚ ਚਾਉ ਤੇਗ ਹੱਥ ਦੀ ਫੜਾਉ ਸਾਡੇ ਜੰਗ ਮਨ ਭਾਉਂਦੇ।ਸਾਰੇ ਸਿੰਘ ਮੋਰੇ ਹੋਨ ਸੇਵਾਦਾਰ ਤੋਰੇ ਸਦਾ ਭੌਣ ਦੇਹੀ ਧੋਰੇ ਇਕ ਆਵੇ ਇਕ ਜਾਉਂਦੇ।145।

ਜਦੋਂ ਅਸੀਂ ਇਹ ਸੁਨਾਇਆ ਜੋਇ ਜਾਲਫਾਂ ਨੂੰ ਭਾਇਆ ਤਦ ਮੁੱਖੋਂ ਫੁਰਮਾਇਆ ਜਾਹੁ ਪੰਥ ਤੋਰਾ ਚੱਲੇਗਾ।ਖੰਡਾ ਹੱਥ ਦਾ ਫੜਾਇਆ ਫਿਰ ਇਹੋ ਸਮਝਾਇਆ ਜਦੋਂ ਅੰਮ੍ਰਿਤ ਛਕਾਇਆ ਤਦੋਂ ਮੂਲ ਨਹੀਂ ਹੱਲੇਗਾ।ਕਰੂ ਤੁਰਕਾਂ ਦਾ ਨਾਸ ਜੁੱਧ ਜੰਗ ਦਾ ਹੁਲਾਸ ਸਦਾ ਤੇਗ ਰੱਖੇ ਪਾਸ ਸਾਰਾ ਦੇਸ ਇਹ ਮੱਲੇਗਾ।ਸੁਨੋ ਖਾਲਸਾ ਪਯਾਰੇ ਪੂਜੋ ਚੰਡਕਾ ਨੂੰ ਸਾਰੇ ਬੋਲ ਉਸੇ ਦੇ ਜੈਕਾਰੇ ਦੁੱਖ ਦਰਦ ਤਾਈਂ ਠੱਲੇਗਾ।146।

**ਭਾਵ** ਜੇ ਕਦੇ ਇਹ ਗੱਲ ਸੱਚ ਹੁੰਦੀ ਤਾਂ ਇਹ ਬਹੁਤ ਹੀ ਜ਼ਰੂਰੀ ਸੀ ਜੋ ਗੁਰੂ ਜੀ ਮਹਾਰਾਜ ਅਪਣੇ ਦਸਮ ਗ੍ਰੰਥ ਵਿਚ ਜਿਸ ਤਰ੍ਹਾਂ ਚੰਡੀ ਚਰਿੱਤ੍ਰ ਬਣਾਏ ਹਨ, ਏਸੇ ਤਰ੍ਹਾਂ ਦਾ ਇਸ ਪ੍ਰਸੰਗ ਦਾ ਭੀ ਇਸ ਤਰ੍ਹਾਂ ਕਥਨ ਕਰਦੇ ਕਿ ਅਸੀਂ ਬ੍ਰਾਹਮਣਾ ਦੇ ਆਖਣ ਕਰਕੇ ਯੱਗ ਅਤੇ ਹਵਨ ਕੀਤਾ, ਜਿਸ ਨਾਲ ਦੇਵੀ ਪ੍ਰਗਟ ਹੋਈ ਤੇ ਉਸਨੇ ਸਾਨੂੰ ਇਹ ਵਰ ਦਿੱਤਾ, ਜਿਸ ਨਾਲ ਖਾਲਸਾ ਪੰਥ ਦੀ ਸਾਜਨਾ ਕਰਦੇ ਹਾਂ।ਇਸਤੋਂ ਬਿਨਾਂ ਜਿਸ ਤਰ੍ਹਾਂ ਅੰਮ੍ਰਿਤ ਦੇ ਛਕਣੇ ਸਮੇਂ ਹੋਰ ਸਿੱਖਿਆ ਦਿੱਤੀਆਂ ਜਾਂਦੀਆਂ ਹਨ ਕਿ ਤਮਾਕੂ, ਤੁਰਕਣੀ, ਕੁੱਠਾ ਅਤੇ ਕੇਸਾਂ ਦੀ ਬੇਅਦਬੀ ਨਾਂ ਕਰਨੀ, ਇਸ ਤੇ ਅੱਗੇ ਧੀਰ ਮੱਲੀਏ, ਰਾਮ

ਰਾਈਏ ਅਤੇ ਮੀਣੇ ਮਸੰਦਾਂ ਨਾਲ ਨਹੀਂ ਵਰਤਣਾ, ਏਸੇ ਤਰ੍ਹਾਂ ਕੋਈ ਇਹ ਭੀ ਸਿੱਖਿਆ ਹੁੰਦੀ ਕਿ ਜਿਸ ਦੇਵੀ ਦੀ ਅਪਾਰ ਕ੍ਰਿਪਾ ਨਾਲ ਪੰਥ ਸਾਜਿਆ ਹੈ, ਉਸਦੀ ਕੜਾਹੀ ਕਰਨੀ ਅਤੇ ਉਸ ਦੇ ਦਰਸ਼ਨਾਂ ਲਈ ਨੈਨਾਂ ਦੇਵੀ ਯਾ ਜਵਾਲਾਮੁਖੀ ਪਰ ਜੋਤਾਂ ਜਗਾਉਣੀਆਂ, ਪ੍ਰੰਤੂ ਅਜਿਹਾ ਕੋਈ ਵਾਕ ਨਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਨਾਂ ਦਸਮ ਗ੍ਰੰਥ ਸਾਹਿਬ ਵਿਚ ਤੇ ਨਾਂ ਕਿਸੇ ਰਹਿਤਨਾਮੇ ਯਾ ਅੰਮ੍ਰਿਤ ਆਦਿਕ ਦੀ ਮਰਿਯਾਦਾ ਵਿਚ ਹੀ ਹੈ, ਇਸ ਵਾਸਤੇ ਇਹ ਨਿਰਾ ਗਪੌੜਾ ਵਾਉਵਰੋਲੇ ਵਾਂਗ ਐਵੇਂ ਹੀ ਚੱਲ ਰਿਹਾ ਹੈ।ਇਸਦੇ ਕੁਝ ਇਕ ਕਾਰਨ ਇਹ ਭੀ ਹਨ ਕਿ ਆਮ ਪਾਠਕ ਸਾਹਿਤਕ ਘੁੰਢੀਆਂ ਤੋਂ ਅਨਜਾਣ, ਜਾਂ ਕੋਈ ਮਾਰਕਸੀ ਪ੍ਰਭਾਵ ਕਰਕੇ ਪਹਿਲਾਂ ਹੀ ਬਣੀ ਹੋਈ ਧਾਰਨਾਂ ਅਧੀਨ, ਜਾਂ ਫਿਰ ਪੰਥ ਦੇ ਵਿਲੱਖਣ ਤੇ ਨਿਆਰੇ ਸਿਧਾਂਤ ਨੂੰ ਜਾਣੇ ਅਨਜਾਣੇ ਨਕਾਰਦਾ ਹੋਇਆ ਇਸ ਤਰਾਂ ਦੇ ਭੰਬਲਭੂਸਿਆਂ ਵਿਚ ਫਸ ਜਾਂਦਾ ਹੈ।

ਅਮਰਜੀਤ ਸਿੰਘ ਖੋਸਾ, ਫਰਵਰੀ 06, 2012